ਪੰਜਾਬ ਰੋਡਵੇਜ਼ ਦੇ ਠੇਕਾ ਅਧਾਰਤ ਡਰਾਈਵਰਾਂ ਤੇ ਕੰਡਕਟਰਾਂ ਨੂੰ ਰੈਗੂਲਰ ਕਰਨ ਲਈ ਸਰਕਾਰ ਵਚਨਬੱਧ : ਲਾਲਜੀਤ ਭੁੱਲਰ

ਸਕੱਤਰ ਟਰਾਂਸਪੋਰਟ ਨੂੰ ਤਰੱਕੀਆਂ ਤੇ ਤਰਸ ਦੇ ਆਧਾਰ 'ਤੇ ਰਹਿੰਦੀਆਂ ਨਿਯੁਕਤੀਆਂ ਸਬੰਧੀ ਕਾਰਵਾਈ ਤੇਜ਼ ਕਰਨ ਦੀ ਕੀਤੀ ਹਦਾਇਤ

ਚੰਡੀਗੜ੍ਹ, 11 ਜਨਵਰੀ (ਸਸਸ): ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਕਿਹਾ ਕਿ ਪੰਜਾਬ ਰੋਡਵੇਜ਼/ਪਨਬੱਸ ਦੇ ਠੇਕਾ ਆਧਾਰਤ ਡਰਾਈਵਰਾਂ ਤੇ ਕੰਡਕਟਰਾਂ ਨੂੰ ਰੈਗੂਲਰ ਕਰਨ ਲਈ ਸਰਕਾਰ ਵਚਨਬੱਧ ਹੈ। ਟਰਾਂਸਪੋਰਟ ਮੰਤਰੀ ਨੇ ਇਹ ਭਰੋਸਾ ਪੰਜਾਬ ਸਿਵਲ ਸਕੱਤਰੇਤ ਸਥਿਤ ਅਪਣੇ ਦਫ਼ਤਰ ਵਿਖੇ ਪੰਜਾਬ ਰੋਡਵੇਜ਼/ਪਨਬੱਸ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਅਤੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਮੁਲਾਜ਼ਮਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿਤਾ। ਉਨ੍ਹਾਂ ਦਸਿਆ ਕਿ ਵਿਭਾਗ ਵਲੋਂ ਪੰਜਾਬ ਰੋਡਵੇਜ਼-ਪਨਬੱਸ ਵਿਚ ਠੇਕਾ ਆਧਾਰਤ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਰੈਗੂਲਰ ਕਰਨ ਸਬੰਧੀ ਕੇਸ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਸਰਕਾਰ ਵਲੋਂ ਗਠਤ ਕੀਤੀ ਤਿੰਨ ਮੈਂਬਰੀ ਕੈਬਨਿਟ ਸਬ ਕਮੇਟੀ ਵਲੋਂ ਹਮਦਰਦੀ ਨਾਲ ਵਿਚਾਰਿਆ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਸਕੱਤਰ ਟਰਾਂਸਪੋਰਟ ਸ. ਦਿਲਰਾਜ ਸਿੰਘ ਸੰਧਾਵਾਲੀਆ ਨੂੰ ਕਿਹਾ ਕਿ ਵਿਭਾਗ ਵਿਚ ਵੱਖ-ਵੱਖ ਤਰੱਕੀਆਂ ਸਬੰਧੀ ਕੇਸਾਂ ਵਿਚ ਕਾਰਵਾਈ ਤੇਜ਼ ਕੀਤੀ ਜਾਵੇ। ਉਨ੍ਹਾਂ ਇਹ ਵੀ ਆਦੇਸ਼ ਦਿਤੇ ਕਿ ਪੰਜਾਬ ਰੋਡਵੇਜ਼/ਪਨਬੱਸ ਵਿਚ ਤਰਸ ਦੇ ਆਧਾਰ 'ਤੇ ਰਹਿੰਦੀਆਂ ਨਿਯੁਕਤੀਆਂ ਸਬੰਧੀ ਕਾਰਵਾਈ ਵਿਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਫ਼ੌਤ ਹੋਏ ਮੁਲਾਜ਼ਮਾਂ ਦੇ ਵਾਰਸਾਂ ਨੂੰ ਖੱਜਲ ਨਾ ਹੋਣਾ ਪਵੇ। ਉਨ੍ਹਾਂ ਕਿਹਾ ਕਿ ਫ਼ੌਤ ਹੋਏ ਮੁਲਾਜ਼ਮ ਦੇ ਪ੍ਰਵਾਰ ਦਾ ਭਵਿੱਖ ਸੁਰੱਖਿਅਤ ਰੱਖਣਾ ਸਰਕਾਰ ਦਾ ਮੁਢਲਾ ਫ਼ਰਜ਼ ਹੈ ਅਤੇ ਇਸ ਮੁੱਦੇ 'ਤੇ ਵਿਭਾਗ ਹਮਦਰਦੀ ਨਾਲ ਫ਼ੈਸਲਾ ਲਵੇ। ਟਰਾਂਸਪੋਰਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਬਸਾਂ ਦੀ ਪਾਸਿੰਗ ਸਬੰਧੀ ਪ੍ਰਕਿਰਿਆ ਵਿਚ ਦੇਰੀ ਨਾ ਕੀਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਨਿਜੀ ਤੌਰ 'ਤੇ ਦੌਰੇ ਕਰਕੇ ਗ਼ੈਰ-ਕਾਨੂੰਨੀ ਢੰਗ ਨਾਲ ਚਲ ਰਹੀਆਂ ਬਸਾਂ ਬਾਰੇ ਜਾਣਨ ਅਤੇ ਤੁਰਤ ਰਿਪੋਰਟ ਦੇਣ। ਉਨ੍ਹਾਂ ਕਿਹਾ ਕਿ ਬਸਾਂ ਦੇ ਟਾਈਮ-ਟੇਬਲ ਸਬੰਧੀ ਆ ਰਹੀਆਂ ਸ਼ਿਕਾਇਤਾਂ ਨੂੰ ਵੀ ਤੁਰਤ ਦੂਰ ਕੀਤਾ ਜਾਵੇ।

ਕਾਰ ਦਰੱਖ਼ਤ ਨਾਲ ਟਕਰਾਈ, ਚਾਲਕ ਦੀ ਮੌਕੇ 'ਤੇ ਮੌਤ

ਰਾੜਾ ਸਾਹਿਬ/ਪਾਇਲ, 11 ਜਨਵਰੀ (ਬਲਜੀਤ ਸਿੰਘ ਜੀਰਖ) : ਦੇਰ ਰਾਤ ਕਰੀਬ 11 ਵਜੇ ਦੋਰਾਹਾ-ਪਾਇਲ ਰੋਡ 'ਤੇ ਪੈਂਦੇ ਸਾਹਪੁਰ ਭੱਠੇ ਕੋਲ ਇਕ ਕਾਰ ਦੇ ਦਰੱਖ਼ਤ ਨਾਲ ਟਕਰਾਉਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਜਾਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ ਠੇਕੇਦਾਰ ਸ਼ੇਰ ਸਿੰਘ 36 ਸਾਲ ਵਾਸੀ ਊਨਾ ਹਿਮਾਚਲ ਪ੍ਰਦੇਸ਼ ਅਪਣੀ ਸਵਿਫ਼ਟ ਕਾਰ ਪੀਬੀ 37-0059 ਰਾਹੀਂ ਰਾਤ ਨੂੰ ਕਰੀਬ 10:30, 11 ਵਜੇ ਦੇ ਕਰੀਬ ਦੋਰਾਹਾ ਤੋਂ ਪਾਇਲ ਠੇਕੇ ਦੇ ਦਫਤਰ ਨੂੰ ਆ ਰਿਹਾ ਸੀ। ਜਿਸ ਦੀ ਕਾਰ ਸਾਹਪੁਰ ਭੱਠੇ ਦੇ ਲਾਗੇ ਮੇਨ ਸੜਕ 'ਤੇ ਦਰੱਖਤ ਨਾਲ ਐਨੀ ਜ਼ੋਰ ਨਾਲ ਸਿੱਧੀ ਟਕਰਾਈ ਕਿ ਭਾਰੀ ਦਰੱਖਤ ਵੀ ਅੱਧ ਵਿਚਕਾਰੋਂ ਟੁੱਟ ਗਿਆ ਅਤੇ ਪਟਰੌਲ ਗੱਡੀ ਹੋਣ ਕਰ ਕੇ ਅੱਗ ਲੱਗ ਗਈ ਜੋ ਬੁਰੀ ਤਰ੍ਹਾਂ ਨਾਲ ਸੜ ਕੇ ਸੁਆਹ ਹੋ ਗਈ, ਕਾਰ ਚਾਲਕ ਵੀ ਬੁਰੀ ਤਰ੍ਹਾਂ ਨਾਲ ਝੁਲਸ ਗਿਆ ਅਤੇ ਪੈਰਾਂ ਦੀਆਂ ਹੱਡੀਆਂ ਵੀ ਗੱਡੀ ਵਿਚ ਹੀ ਰਹਿ ਗਈਆਂ। ਡੀਐਸਪੀ ਪਾਇਲ ਨਿਖਿਲ ਗਰਗ ਨੇ ਦਸਿਆ ਕਿ ਰਾਤ 11 ਵਜੇ ਦੇ ਕਰੀਬ ਕਾਰ ਨੂੰ ਅੱਗ ਲੱਗਣ ਦੀ ਘਟਨਾ ਬਾਰੇ ਪਤਾ ਲੱਗਾ ਅਤੇ ਉਹ ਪੁਲਿਸ ਪਾਰਟੀ ਸਮੇਤ ਘਟਨਾ ਸਥਾਨ 'ਤੇ ਪਹੁੰਚੇ। ਉਸੇ ਵਕਤ ਅੱਗ ਬੁਝਾਉਣ ਦੀ ਹਿੰਮਤ ਜੁਟਾਈ ਗਈ, ਉਦੋਂ ਨੂੰ ਕਾਰ ਚਾਲਕ ਬੁਰੀ ਤਰਾਂ ਝੁਲਸ ਚੁੱਕਾ ਸੀ।

ਪਿਸਤੌਲ ਸਾਫ਼ ਕਰਦੇ ਸਮੇਂ ਚੱਲੀ ਗੋਲੀ, ਸਬ-ਇੰਸਪੈਕਟਰ ਦੀ ਮੌਤ

ਜਲੰਧਰ, 11 ਜਨਵਰੀ (ਯੋਗੇਸ਼ਵਰ, ਰੀਨਾ ਸ਼ਰਮਾ) : ਸਰਕਾਰੀ ਪਿਸਤੌਲ ਸਾਫ਼ ਕਰਦੇ ਸਮੇਂ ਅਚਾਨਕ ਚੱਲੀ ਗੋਲੀ ਸਿਰ 'ਚ ਵੱਜਣ ਕਾਰਨ ਸਬ-ਇਸ. ਭੁਪਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੀ.ਆਈ.ਏ. 50 ਸਾਲਾ ਸਬ- ਇੰਸਪੈਕਟਰ, ਜੋ ਕਿ ਦਿਹਾਤੀ ਇਲਾਕੇ 'ਚ ਸੇਵਾ ਨਿਭਾਅ ਰਿਹਾ ਸੀ, ਭੋਗਪੁਰ ਦਾ ਰਹਿਣ ਵਾਲਾ ਸੀ। ਮਾਮਲੇ ਦੀ ਜਾਂਚ ਥਾਣਾ ਡਵੀਜ਼ਨ ਨੰ. 2 ਦੇ ਐਸ.ਐਚ.ਓ. ਗੁਰਪ੍ਰੀਤ ਸਿੰਘ ਨੇ ਦਸਿਆ ਕਿ ਸਬ-ਇੰਸ. ਭੁਪਿੰਦਰ ਸਿੰਘ ਸੀ.ਆਈ.ਏ. ਸਟਾਫ਼ ਦਿਹਾਤੀ ਦੇ ਦਫ਼ਤਰ ਕੋਲ ਬਣੀ ਪਾਰਕਿੰਗ 'ਚ ਬੁਧਵਾਰ ਸ਼ਾਮ ਕਰੀਬ 6.30 ਵਜੇ ਅਪਣੀ ਦੀ ਸਰਕਾਰੀ ਪਿਸਤੌਲ ਦੀ ਸਫ਼ਾਈ ਕਰ ਰਿਹਾ ਸੀ। ਇਸ ਦੌਰਾਨ ਅਚਾਨਕ ਉਸ ਦੇ ਪਿਸਤੌਲ 'ਚੋਂ ਗੋਲੀ ਚਲ ਗਈ, ਜੋ ਉਸ ਦੇ ਸਿਰ 'ਚ ਲੱਗੀ। ਇਸ ਸਬੰਧੀ ਜਦੋਂ ਪੁਲਿਸ ਨੂੰ ਸੂਚਨਾ ਮਿਲੀ ਤਾਂ ਭੁਪਿੰਦਰ ਸਿੰਘ ਦੀ ਮੌਤ ਹੋ ਚੁੱਕੀ ਸੀ ਤੇ ਉਸ ਦਾ ਸਿਰ ਪੂਰੀ ਤਰ੍ਹਾਂ ਖ਼ੂਨ ਨਾਲ ਲਥਪਥ ਸੀ। ਥਾਣਾ ਸਦਰ ਦੇ ਇੰਚਾਰਜ ਗੁਰਪ੍ਰੀਤ ਸਿੰਘ ਨੇ ਦਸਿਆ ਕਿ ਉਨ੍ਹਾਂ ਫਿੰਗਰ ਪ੍ਰਿੰਟ ਮਾਹਰਾਂ ਦੀ ਟੀਮ ਨੂੰ ਮੌਕੇ 'ਤੇ ਬੁਲਾਇਆ ਤੇ ਮ੍ਰਿਤਕ ਦੀ ਕਾਰ ਤੇ ਉਸ ਦਾ ਸਰਕਾਰੀ ਪਿਸਤੌਲ ਅਪਣੇ ਕਬਜ਼ੇ 'ਚ ਲੈ ਲਿਆ।

ਕੁਲਤਾਰ ਸਿੰਘ ਸੰਧਵਾਂ ਗਣਤੰਤਰਤਾ ਦਿਵਸ ਮੌਕੇ ਰੂਪਨਗਰ ਵਿਖੇ ਲਹਿਰਾਉਣਗੇ ਕੌਮੀ ਝੰਡਾ

ਚੰਡੀਗੜ੍ਹ, 11 ਜਨਵਰੀ (ਸੱਤੀ) : ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਗਣਤੰਤਰਤਾ ਦਿਵਸ ਮੌਕੇ 26 ਜਨਵਰੀ, 2024 ਨੂੰ ਰੂਪਨਗਰ ਵਿਖੇ ਕੌਮੀ ਝੰਡਾ ਲਹਿਰਾਉਣਗੇ। ਪੰਜਾਬ ਸਰਕਾਰ ਦੇ ਬੁਲਾਰੇ ਇਹ ਜਾਣਕਾਰੀ ਦਿੰਦਿਆਂ ਦਸਿਆ ਕਿ ਪਹਿਲਾਂ ਜਾਰੀ ਪ੍ਰੋਗਰਾਮ ਵਿਚ ਕੀਤੀ ਤਬਦੀਲੀ ਅਨੁਸਾਰ ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ, ਗਣਤੰਤਰਤਾ ਦਿਵਸ ਮੌਕੇ ਬਠਿੰਡਾ ਦੀ ਥਾਂ ਹੁਣ ਰੂਪਨਗਰ ਵਿਖੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਬੁਲਾਰੇ ਅਨੁਸਾਰ ਸੋਧੇ ਪ੍ਰੋਗਰਾਮ ਅਨੁਸਾਰ ਊਰਜਾ ਤੇ ਲੋਕ ਨਿਰਮਾਣ ਮੰਤਰੀ ਪੰਜਾਬ ਸ. ਹਰਭਜਨ ਸਿੰਘ ਈ.ਟੀ.ਓ. ਰੂਪਨਗਰ ਦੀ ਥਾਂ ਹੁਣ ਬਠਿੰਡਾ ਵਿਖੇ ਕੌਮੀ ਝੰਡਾ ਲਹਿਰਾਉਣਗੇ।

ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ:, ਹੁਸ਼ਿਆਰਪੁਰ

ਇਸ਼ਤਿਹਾਰ

ਦੀ ਹੁਸ਼ਿਆਰਪੁਰ ਕੇਂਦਰੀ ਸਹਿਕਾਰੀ ਬੈਂਕ ਲਿਮ: ਹੁਸ਼ਿਆਰਪੁਰ ਵੱਲੋਂ ਸ਼ਾਖਾ ਦਸੂਹਾ, ਟਾਂਡਾ, ਪਿੱਪਲਾਂਵਾਲਾ ਅਤੇ ਮੁਕੇਰੀਆਂ ਵਿਖੇ ਵਿੱਤੀ ਸਾਖਰਤਾ ਕੇਂਦਰਾਂ ਵਿੱਚ ਫਾਈਨੈਨਸ਼ੀਅਲ ਲਿਟਰੇਸੀ ਕਾਊਂਸਲਰ ਕੰਟਰੈਕਟ ਬੇਸਿਸ ਤੇ ਨਿਯੁਕਤ ਕਰਨ ਲਈ ਘੱਟੋ ਘੱਟ 25 ਸਾਲ ਅਤੇ ਵੱਧ ਤੋਂ ਵੱਧ 35 ਸਾਲ ਦੀ ਉਮਰ ਵਾਲੇ ਪ੍ਰਾਰਥੀਆਂ ਤੋਂ ਬਿਨੈ-ਪੱਤਰ ਮੰਗੇ ਜਾਂਦੇ ਹਨ। ਬਿਨੈ-ਪੱਤਰ ਦਾ ਨਮੂਨਾ, ਵਿੱਦਿਅਕ ਯੋਗਤਾ, ਮਿਹਨਤਾਨਾ ਅਤੇ ਹੋਰ ਜਰੂਰੀ ਸ਼ਰਤਾਂ ਬੈਂਕ ਦੀ ਵੈਬਸਾਈਟ www.coop-bankhsp.com ਤੇ ਉਪਲਬਧ ਹਨ। ਬਿਨੈ-ਪੱਤਰ ਬੈਂਕ ਦੇ ਮੁੱਖ ਦਫ਼ਤਰ, ਰੇਲਵੇ ਰੋਡ ਹੁਸ਼ਿਆਰਪੁਰ ਵਿਖੇ ਮਿਤੀ 29.01.2024 ਤੱਕ ਭੇਜੇ ਜਾ ਸਕਦੇ ਹਨ। ਬੈਂਕ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਕਿਸੇ ਵੀ ਬਿਨੈ-ਪੱਤਰ ਨੂੰ ਕਾਰਨ ਦੱਸੇ ਬਗੈਰ ਰੱਦ ਕਰ ਸਕਦਾ ਹੈ।

ਜ਼ਿਲ੍ਹਾ ਮੈਨੇਜਰ

ਪੰਜਾਬ ਸਰਕਾਰ

ਟੈਂਡਰ/ਆਰਐਫ਼ਪੀ ਰੈਫ਼ਰੈਂਸ ਨੰ. E-TENDER/MC/SUNAM/2023-24/20

ਵਿਭਾਗ, ਮਿਊਂਸਪਲ ਕੌਂਸਿਲ, ਸੁਨਾਮ ਵੱਖ ਵੱਖ ਸਿਵਲ ਕੰਮਾਂ ਅਤੇ ਹੋਰ ਕੰਮਾਂ ਲਈ ਆਨਲਾਈਨ ਬੋਲੀਆਂ ਮੰਗਦਾ ਹੈ।

ਬੰਦ ਹੋਣ ਦੀ ਮਿਤੀ ਅਤੇ ਸਮਾਂ : 01.02.2024 ਨੂੰ ਸਵੇਰੇ 11.00 ਵਜੇ

ਵੇਰਵਿਆਂ ਲਈ ਲਾਗਇਨ ਕਰੋ : www.eproc.punjab.gov.in

ਨੋਟ : ਟੈਂਡਰ/ਆਰਐਫ਼ਪੀ ਨੋਟਿਸ ਦੀ ਸੋਧ ਜੇ ਕੋਈ ਹੋਵੇਗੀ ਸਿਰਫ਼ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਤ ਕੀਤੀ ਜਾਵੇਗੀ।

ਪ੍ਰਧਾਨ, ਮਿਊਂਸਪਲ ਕੌਂਸਿਲ ਸੁਨਾਮ — 31387 — ਕਾਰਜਕਾਰੀ ਅਧਿਕਾਰੀ, ਮਿਊਂਸਪਲ ਕੌਂਸਿਲ ਸੁਨਾਮ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਰਜਿ: ਦਫਤਰ: ਪੀ.ਐਸ.ਈ.ਬੀ. ਮੁੱਖ ਦਫਤਰ ਦੀ ਮਾਲ ਪਟਿਆਲਾ -147001

ਕਾਰਪੋਰੇਟ ਆਈ ਡੀ ਨੰ: U40109PB2010SGC033813, ਵੈਬਸਾਈਟ www.pspcl.in,, ਸੰਪਰਕ ਨੰ : 9646119091

ਟੈਂਡਰ ਇਨਕੁਆਰੀ ਨੰ: 17/XEN/C/23-24 ਮਿਤੀ 11-01-2024

ਸੀਨੀਅਰ ਕਾਰਜਕਾਰੀ ਇੰਜੀਨੀਅਰ/ਸਿਵਲ, ਯੂਬੀਡੀਸੀ, ਓਐਂਡਐਮ ਮੰਡਲ ਪੰ.ਰਾ.ਪਾ.ਕਾ. ਲਿਮ. ਵੱਲੋਂ ਯੂ.ਬੀ.ਡੀ.ਸੀ. ਹਾਈਡਲ ਚੈਨਲ ਦੀ ਆਰ.ਡੀ. 65640 ਦੇ ਦੋਨੋਂ ਪਾਸੇ ਦੀਆਂ ਡੈਮੇਜ/ਰੁੜੀਆਂ ਪਿਚਿੰਗ ਨੂੰ ਰੀਸਟੋਰ ਕਰਨ ਦਾ ਕੰਮ ਕਰਵਾਉਣ ਲਈ ਸ਼ਾਰਟ ਟਰਮ ਖੁੱਲ੍ਹਾ ਟੈਂਡਰ ਨੋਟਿਸ ਸੱਦਿਆ ਜਾਂਦਾ ਹੈ। ਸੈਂਪਲ ਟੈਂਡਰ ਸਪੈਸੀਫਿਕੇਸ਼ਨ ਅਤੇ ਟੈਂਡਰ ਭਰਨ ਲਈ ਸੀਨੀਅਰ ਕਾਰਜਕਾਰੀ ਇੰਜੀ: ਸਿਵਲ ਯੂ.ਬੀ.ਡੀ.ਸੀ. ਓ ਅਤੇ ਐਮ ਮੰਡਲ ਪੰ.ਰਾ.ਪਾ.ਕਾ. ਲਿਮ. ਮਲਿਕਪੁਰ ਦੇ ਦਫਤਰ ਤੋਂ ਮਿਤੀ 11-01-2024 ਤੋਂ 25-01-2024 ਤੱਕ ਸਵੇਰੇ 11.00 ਵਜੇ ਤੱਕ ਉਪਲਭਧ ਹੈ।

ਨੋਟ : ਕੋਰੀਜੰਡਮ ਅਤੇ ਹੋਰ ਕੋਈ ਸੋਧ ਸਬੰਧੀ ਵੇਰਵੇ ਅਖ਼ਬਾਰ ਅਤੇ ਦਫਤਰ ਦੇ ਨੋਟਿਸ ਬੋਰਡ ਤੇ ਵੇਖੇ ਜਾ ਸਕਦੇ ਹਨ।

C- 25/24 31361

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ.

ਰਜਿ. ਦਫ਼ਤਰ : ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ ਪਟਿਆਲਾ-147001

Corporate Identification Number (CIN) : U40109PB2010SGC033813

GSTIN03AAFCP5120QIZC

Mob. 96461-18122, Email : xen-enf-hsp@pspcl.in

ਟੈਂਡਰ ਇਨਕੁਆਰੀ ਨੰਬਰ : 02/ENF/2024-25/PSPCL/Hoshiarpur, Dtd. 11.01.2024

ਬਾਹਰਲੇ ਸੋਮਿਆਂ ਤੋਂ ਇੱਕ ਨੰਬਰ diesel/petrol/CNG vehicle Qualis/Tavera/Scorpio ਜਾਂ ਇਸ ਦੇ ਬਰਾਬਰ ਕੀਮਤ ਵਾਲੀ ਗੱਡੀ ਵਧੀਕ ਨਿਗਰਾਨ ਇੰਜੀਨੀਅਰ/ਇਨਫੋਰਸਮੈਂਟ-ਕਮ-ਈ.ਏ. ਅਤੇ ਐਮ.ਐਮ.ਟੀ ਐਸ. ਹੁਸ਼ਿਆਰਪੁਰ ਦੇ ਦਫਤਰ ਲਈ ਇੱਕ ਸਾਲ (ਸਮਾਂ 02/2024 ਤੋਂ 02/2025) (ਗੱਡੀ 5 ਸਾਲ ਪੁਰਾਣੀ ਨਹੀਂ ਹੋਣੀ ਚਾਹੀਦੀ) ਵਾਸਤੇ ਕਿਰਾਏ ਤੇ ਲੈਣ ਸਬੰਧੀ।

ਟੈਂਡਰ ਦਸਤਾਵੇਜ ਵੇਚਣ ਦੀ ਆਖਰੀ ਮਿਤੀ	: 25.01.2024
ਟੈਂਡਰ ਪ੍ਰਾਪਤ ਕਰਨ ਦੀ ਆਖਰੀ ਮਿਤੀ ਅਤੇ ਸਮਾਂ	: 29.01.2024, 11.00 ਵਜੇ
ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ	: 29.01.2024, 13.00 ਵਜੇ
ਟੈਂਡਰ ਦਸਤਾਵੇਜ ਦੀ ਕੀਮਤ	: ਰੁ. 1180/- (ਸਮੇਤ ਜੀ.ਐਸ.ਟੀ.)

ਇਸ ਟੈਂਡਰ ਸਬੰਧੀ ਡਿਟੇਲ PSPCL website (www.pspcl.in) ਡਾਊਨਲੋਡ ਕੀਤੀ ਜਾ ਸਕਦੀ ਹੈ ਕਿਸੇ ਸੋਧ ਲਈ ਅਖ਼ਬਾਰ ਵਿੱਚ ਵੱਖਰਾ ਇਸ਼ਤਿਹਾਰ ਨਹੀਂ ਦਿੱਤਾ ਜਾਵੇਗਾ। ਇਸ ਲਈ ਚਾਹਵਾਨ ਕਿਸੇ ਵੀ ਅੱਪਡੇਟ ਲਈ ਵੈਬਸਾਈਟ ਰੈਗੂਲਰ ਚੈਕ ਕਰਦੇ ਰਹਿਣ। C-27/24 31386

verka Har Din Da, Har Dil Da

ਦ ਬਠਿੰਡਾ ਜ਼ਿਲ੍ਹਾ ਕੋ-ਆਪ੍ਰੇਟਿਵ ਦੁੱਧ ਉਤਪਾਦਕ ਯੂਨੀਅਨ ਲਿਮਟਿਡ
ਡਬਵਾਲੀ ਰੋਡ, ਵੇਰਕਾ ਬਠਿੰਡਾ ਡੇਅਰੀ, ਬਠਿੰਡਾ-151001 (ਪੰਜਾਬ)
ਟੈਲੀਫੋਨ ਨੰ. 0164-2214825, 2212825,
GSTIN: 03AAAJT0178@2ZP
Email : gm.btd@verka.coop

16 ਵੇਰਕਾ ਮਿਲਕ ਬੂਥ ਚਲਾਉਣ ਲਈ ਰੁਚੀ ਦੇ ਪ੍ਰਗਟਾਵੇ ਲਈ ਖੁੱਲ੍ਹਾ ਸੂਚਨਾ

ਲੜੀ ਨੰ.	ਮਿਲਕਬੂਥ ਦੀਆਂ ਸਾਈਟਾਂ	ਮਿਆਦ
1.	ਸ਼ਾਪਿੰਗ ਕੰਪਲੈਕਸ ਨੰ. 3 (ਆਰਮੀ ਕੈਂਟ ਬਠਿੰਡਾ)	
2.	ਸ਼ਾਪਿੰਗ ਕੰਪਲੈਕਸ ਨੰ. 6 (ਆਰਮੀ ਕੈਂਟ ਬਠਿੰਡਾ)	
3.	ਅਬਦੁਲ ਹਮੀਦ ਐਨਕਲੇਵ, (ਆਰਮੀ ਕੈਂਟ ਬਠਿੰਡਾ)	
4.	ਪੀਰੂ ਸਿੰਘ ਐਨਕਲੇਵ, (ਆਰਮੀ ਕੈਂਟ ਬਠਿੰਡਾ)	
5.	ਬਦਲੂ ਸਿੰਘ ਐਨਕਲੇਵ, (ਆਰਮੀ ਕੈਂਟ ਬਠਿੰਡਾ)	
6.	ਗੁਰਨਾਮ ਸਿੰਘ ਐਨਕਲੇਵ, (ਆਰਮੀ ਕੈਂਟ ਬਠਿੰਡਾ)	
7.	ਡੇਅਰੀ ਸਕੀਮ (ਆਦਰਸ਼ ਨਗਰ ਬਠਿੰਡਾ) ਵਿਖੇ ਮਿਲਕ ਬੂਥ	
8.	ਨਈ ਬਸਤੀ ਬਠਿੰਡਾ ਵਿਖੇ ਮਿਲਕ ਬੂਥ	03 ਸਾਲ
9.	ਅਜੀਤ ਰੋਡ ਪਾਰਕ ਬਠਿੰਡਾ ਵਿਖੇ ਮਿਲਕ ਬੂਥ	
10.	ਮਹਿਣਾ ਚੌਕ ਬਠਿੰਡਾ ਵਿਖੇ ਮਿਲਕ ਬੂਥ	
11.	ਭਰਤ ਨਗਰ ਨੇੜੇ ਬੀਐਸਐਨਐਲ ਐਕਸਚੇਂਜ ਬਠਿੰਡਾ ਵਿਖੇ ਮਿਲਕ ਬੂਥ	
12.	ਭਾਗੂ ਰੋਡ ਬਠਿੰਡਾ ਵਿਖੇ ਮਿਲਕ ਬੂਥ	
13.	ਵੀਰ ਕਾਲੋਨੀ ਬਠਿੰਡਾ ਵਿਖੇ ਮਿਲਕ ਬੂਥ	
14.	ਰਾਜੀਵ ਨਗਰ ਬਠਿੰਡਾ ਵਿਖੇ ਮਿਲਕ ਬੂਥ	
15.	ਸਿਵਲ ਹਸਪਤਾਲ ਮਾਨਸਾ, ਬਠਿੰਡਾ ਵਿਖੇ ਮਿਲਕ ਬੂਥ	
16.	ਪੀ.ਏ.ਯੂ. ਰੀਜਨਲ ਰਿਸਰਚ ਸਟੇਸ਼ਨ ਬਠਿੰਡਾ ਵਿਖੇ ਮਿਲਕ ਬੂਥ	

ਨੋਟ :
- ਉਪਰੋਕਤ ਨੋਟਿਸ ਸਬੰਧੀ ਪੂਰੇ ਵੇਰਵਿਆਂ ਲਈ ਕ੍ਰਿਪਾ ਕਰਕੇ ਸਾਡੀ ਵੈਬਸਾਈਟ ਭਾਵ www.verka.coop 'ਤੇ ਜਾਓ।

ਜਨਰਲ ਮੈਨੇਜਰ, ਵੇਰਕਾ ਬਠਿੰਡਾ ਡੇਅਰੀ — 31369

ਪੰਜਾਬ ਸਰਕਾਰ

ਟੈਂਡਰ/ਆਰਐਫ਼ਪੀ ਰੈਫ਼ਰੈਂਸ ਨੰ. LGMCOUNCIL/2023-24/12

ਵਿਭਾਗ, ਮਿਊਂਸਪਲ ਕੌਂਸਿਲ, ਮਾਲੇਰਕੋਟਲਾ, ਐਮ.ਸੀ. ਮਾਲੇਰਕੋਟਲਾ ਦੇ ਵੱਖ ਵੱਖ ਵਿਕਾਸ ਕੰਮਾਂ ਲਈ ਆਨਲਾਈਨ ਬੋਲੀਆਂ ਮੰਗਦਾ ਹੈ। (ਅੰਦਾਜਨ ਲਾਗਤ : 91.67 ਲੱਖ)

ਬੰਦ ਹੋਣ ਦੀ ਮਿਤੀ ਅਤੇ ਸਮਾਂ : 29.01.2024 ਨੂੰ ਦੁ. 12.00 ਵਜੇ

ਵੇਰਵਿਆਂ ਲਈ ਲਾਗਇਨ ਕਰੋ : https://eproc.punjab.gov.in

ਨੋਟ : ਟੈਂਡਰ/ਆਰਐਫ਼ਪੀ ਨੋਟਿਸ ਦੀ ਸੋਧ ਜੇ ਕੋਈ ਹੋਵੇਗੀ ਸਿਰਫ਼ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਤ ਕੀਤੀ ਜਾਵੇਗੀ

ਪ੍ਰਧਾਨ, ਮਿਊਂਸਪਲ ਕੌਂਸਿਲ ਮਾਲੇਰਕੋਟਲਾ — 31377 — ਕਾਰਜਕਾਰੀ ਅਧਿਕਾਰੀ, ਮਿਊਂਸਪਲ ਕੌਂਸਿਲ ਮਾਲੇਰਕੋਟਲਾ

ਪੰਜਾਬ ਸਰਕਾਰ
ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ
**ਈ-ਟੈਂਡਰਜ਼ ਸੱਦਾ ਸੂਚਨਾ (